ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ ਵਿਕ੍ਰਮਾਂ ਦੀ ਸਜ਼ਾ ਤੋਂ ਮੁਕਤ ਹੋਣ ਦਾ ਪੁਰਸ਼ਾਰਥ ਕਰਨਾ ਹੈ, ਇਸ ਅੰਤਿਮ ਜਨਮ ਵਿੱਚ ਸਭ ਹਿਸਾਬ - ਕਿਤਾਬ ਚੁਕਤੂ ਕਰ ਪਾਵਨ ਬਣਨਾ ਹੈ"

ਪ੍ਰਸ਼ਨ:- ਧੋਖੇਬਾਜ਼ ਮਾਇਆ ਕਿਹੜੀ ਪ੍ਰਤਿਗਿਆ ਤੁੜਵਾਉਣ ਦੀ ਕੋਸ਼ਿਸ਼ ਕਰਦੀ ਹੈ?

ਉੱਤਰ:- ਤੁਸੀ ਪ੍ਰਤਿਗਿਆ ਕੀਤੀ ਹੈ - ਕੋਈ ਵੀ ਦੇਹਧਾਰੀ ਨਾਲ ਅਸੀਂ ਦਿਲ ਨਹੀਂ ਲਗਾਵਾਂਗੇ। ਆਤਮਾ ਕਹਿੰਦੀ ਹੈ ਅਸੀਂ ਇੱਕ ਬਾਪ ਨੂੰ ਹੀ ਯਾਦ ਕਰਾਂਗੇ, ਆਪਣੀ ਦੇਹ ਨੂੰ ਵੀ ਯਾਦ ਨਹੀਂ ਕਰਾਂਗੇ। ਬਾਪ, ਦੇਹ ਸਹਿਤ ਸਭਦਾ ਸੰਨਿਆਸ ਕਰਾਉਂਦੇ ਹਨ। ਪਰ ਮਾਇਆ ਇਹ ਹੀ ਪ੍ਰਤਿਗਿਆ ਤੁੜਵਾਉਂਦੀ ਹੈ। ਦੇਹ ਵਿੱਚ ਲਗਾਵ ਹੋ ਜਾਂਦਾ ਹੈ। ਜੋ ਪ੍ਰਤਿਗਿਆ ਤੋੜਦੇ ਹਨ ਉਨ੍ਹਾਂ ਨੂੰ ਸਜਾਵਾਂ ਵੀ ਬਹੁਤ ਖਾਣੀ ਪੈਂਦੀਆਂ ਹਨ।

ਗੀਤ:- ਤੁਸੀਂ ਹੀ ਹੋ ਮਾਤ - ਪਿਤਾ ਤੁਸੀਂ ਹੀ ਹੋ...

ਓਮ ਸ਼ਾਂਤੀ ਉੱਚ ਤੇ ਉੱਚ ਭਗਵਾਨ ਦੀ ਮਹਿਮਾ ਵੀ ਕੀਤੀ ਹੈ ਅਤੇ ਫ਼ੇਰ ਗਲਾਣੀ ਵੀ ਕੀਤੀ ਹੈ। ਹੁਣ ਉੱਚ ਤੇ ਉੱਚ ਬਾਪ ਖ਼ੁਦ ਆਕੇ ਪਰਿਚੈ ਦਿੰਦੇ ਹਨ ਅਤੇ ਫੇਰ ਜਦੋ ਰਾਵਣ ਰਾਜ ਸ਼ੁਰੂ ਹੁੰਦਾ ਹੈ ਤਾਂ ਆਪਣੀ ਉਚਾਈ ਵਿਖਾਉਂਦੇ ਹਨ। ਭਗਤੀ ਮਾਰਗ ਵਿੱਚ ਭਗਤੀ ਦਾ ਹੀ ਰਾਜ ਹੈ ਇਸਲਈ ਕਿਹਾ ਜਾਂਦਾ ਹੈ ਰਾਵਣ ਰਾਜ। ਉਹ ਰਾਮ ਰਾਜ, ਇਹ ਰਾਵਣ ਰਾਜ। ਰਾਮ ਅਤੇ ਰਾਵਣ ਦੀ ਹੀ ਭੇਂਟ ਕੀਤੀ ਜਾਂਦੀ ਹੈ। ਬਾਕੀ ਉਹ ਰਾਮ ਤਾਂ ਤ੍ਰੇਤਾ ਦਾ ਰਾਜਾ ਹੋਇਆ, ਉਨ੍ਹਾਂ ਦੇ ਲਈ ਨਹੀਂ ਕਿਹਾ ਜਾਂਦਾ। ਰਾਵਣ ਹੈ ਅੱਧਾਕਲਪ ਦਾ ਰਾਜਾ। ਇਵੇਂ ਨਹੀਂ ਕਿ ਰਾਮ ਅੱਧਾਕਲਪ ਦਾ ਰਾਜਾ ਹੈ। ਨਹੀਂ, ਡਿਟੇਲ ਵਿੱਚ ਸਮਝਣ ਦੀਆਂ ਗੱਲਾਂ ਹਨ। ਬਾਕੀ ਉਹ ਤਾਂ ਬਿਲਕੁਲ ਸਹਿਜ ਗੱਲ ਹੈ ਸਮਝਣ ਦੀ। ਅਸੀਂ ਸਭ ਭਰਾ - ਭਰਾ ਹਾਂ। ਅਸੀਂ ਸਭਦਾ ਉਹ ਬਾਪ ਇੱਕ ਨਿਰਾਕਾਰ ਹੈ। ਬਾਪ ਨੂੰ ਪਤਾ ਹੈ ਇਸ ਵਕ਼ਤ ਸਾਡੇ ਸਭ ਬੱਚੇ ਰਾਵਣ ਦੀ ਜੇਲ੍ਹ ਵਿੱਚ ਹਨ। ਕਾਮ ਚਿਤਾ ਤੇ ਬੈਠ ਸਭ ਕਾਲੇ ਹੋ ਗਏ ਹਨ। ਇਹ ਬਾਪ ਜਾਣਦੇ ਹਨ। ਆਤਮਾ ਵਿੱਚ ਹੀ ਸਾਰੀ ਨਾਲੇਜ਼ ਹੈ ਨਾ। ਇਸ ਵਿੱਚ ਵੀ ਸਭਤੋਂ ਜ਼ਿਆਦਾ ਮਹੱਤਵ ਦੇਣਾ ਹੁੰਦਾ ਹੈ ਆਤਮਾ ਅਤੇ ਪ੍ਰਮਾਤਮਾ ਨੂੰ ਜਾਣਨ ਦਾ। ਛੋਟੀ ਜਿਹੀ ਆਤਮਾ ਵਿੱਚ ਕਿੰਨਾ ਪਾਰ੍ਟ ਨੂੰਧਿਆ ਹੋਇਆ ਹੈ ਜੋ ਵਜਾਉਂਦੀ ਰਹਿੰਦੀ ਹੈ। ਦੇਹ - ਅਭਿਮਾਨ ਵਿੱਚ ਆਕੇ ਪਾਰ੍ਟ ਵਜਾਉਂਦੇ ਹਨ ਤਾਂ ਸਵਧਰ੍ਮ ਨੂੰ ਭੁੱਲ ਜਾਂਦੇ ਹਨ। ਹੁਣ ਬਾਪ ਆਕੇ ਆਤਮ ਅਭਿਮਾਨੀ ਬਣਾਉਂਦੇ ਹਨ ਕਿਉਂਕਿ ਆਤਮਾ ਹੀ ਕਹਿੰਦੀ ਹੈ ਕਿ ਅਸੀਂ ਪਾਵਨ ਬਣੀਏ। ਤਾਂ ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਆਤਮਾ ਪੁਕਾਰਦੀ ਹੈ ਹੇ ਪਰਮਪਿਤਾ, ਹੇ ਪਤਿਤ - ਪਾਵਨ, ਅਸੀਂ ਆਤਮਾਵਾਂ ਪਤਿਤ ਬਣ ਗਏ ਹਾਂ, ਆਕੇ ਸਾਨੂੰ ਪਾਵਨ ਬਣਾਓ। ਸੰਸਕਾਰ ਤਾਂ ਸਭ ਆਤਮਾ ਵਿੱਚ ਹੈ ਨਾ। ਆਤਮਾ ਸਾਫ਼ ਕਹਿੰਦੀ ਹੈ ਅਸੀਂ ਪਤਿਤ ਬਣੇ ਹਾਂ। ਪਤਿਤ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜੋ ਵਿਕਾਰ ਵਿੱਚ ਜਾਂਦੇ ਹਨ। ਪਤਿਤ ਮਨੁੱਖ, ਪਾਵਨ ਨਿਰਵਿਕਾਰੀ ਦੇਵਤਾਵਾਂ ਦੇ ਅੱਗੇ ਜਾਕੇ ਮੰਦਿਰ ਵਿੱਚ ਉਨ੍ਹਾਂ ਦੀ ਮਹਿਮਾ ਗਾਉਂਦੇ ਹਨ। ਬਾਪ ਸਮਝਾਉਂਦੇ ਹਨ ਬੱਚੇ ਤੁਸੀਂ ਹੀ ਪੂਜਯ ਦੇਵਤਾ ਸੀ। 84 ਜਨਮ ਲੈਂਦੇ - ਲੈਂਦੇ ਥੱਲੇ ਜ਼ਰੂਰ ਉਤਰਨਾ ਪਵੇ। ਇਹ ਖੇਡ ਹੀ ਪਤਿਤ ਤੋਂ ਪਾਵਨ, ਪਾਵਨ ਤੋਂ ਪਤਿਤ ਹੋਣ ਦਾ ਹੈ। ਸਾਰਾ ਗਿਆਨ ਬਾਪ ਆਕੇ ਇਸ਼ਾਰੇ ਵਿੱਚ ਸਮਝਾਉਂਦੇ ਹਨ। ਹੁਣ ਸਭਦਾ ਅੰਤਿਮ ਜਨਮ ਹੈ। ਸਭਨੂੰ ਹਿਸਾਬ - ਕਿਤਾਬ ਚੁਕਤੂ ਕਰ ਜਾਣਾ ਹੈ। ਬਾਬਾ ਸ਼ਾਖਸ਼ਤਕਾਰ ਕਰਾਉਂਦੇ ਹਨ। ਪਤਿਤ ਨੂੰ ਆਪਣੇ ਵਿਕਰਮਾਂ ਦਾ ਦੰਡ ਜ਼ਰੂਰ ਭੋਗਣਾ ਪੈਂਦਾ ਹੈ। ਪਿਛਾੜੀ ਦਾ ਕੋਈ ਜਨਮ ਦੇਕੇ ਹੀ ਸਜ਼ਾ ਦੇਣਗੇ। ਮਨੁੱਖ ਤਨ ਵਿੱਚ ਹੀ ਸਜ਼ਾ ਖਾਣਗੇ ਇਸਲਈ ਸ਼ਰੀਰ ਜ਼ਰੂਰ ਧਾਰਨ ਕਰਨਾ ਪੈਂਦਾ ਹੈ। ਆਤਮਾ ਫ਼ੀਲ ਕਰਦੀ ਹੈ, ਅਸੀਂ ਸਜ਼ਾ ਭੋਗ ਰਹੇ ਹਾਂ। ਜਿਵੇਂ ਕਾਸ਼ੀ ਕਲਵਟ ਖਾਣ ਵਕ਼ਤ ਦੰਡ ਭੋਗਦੇ ਹਨ, ਕੀਤੇ ਹੋਏ ਪਾਪਾਂ ਦਾ ਸ਼ਾਖਸ਼ਤਕਾਰ ਹੁੰਦਾ ਹੈ। ਉਦੋਂ ਤਾਂ ਕਹਿੰਦੇ ਹਨ ਸ਼ਮਾ ਕਰੋ ਭਗਵਾਨ, ਅਸੀਂ ਫ਼ੇਰ ਇਵੇਂ ਨਹੀਂ ਕਰਾਂਗੇ। ਇਹ ਸਭ ਸ਼ਾਖਸ਼ਤਕਾਰ ਵਿੱਚ ਹੀ ਸ਼ਮਾ ਮੰਗਦੇ ਹਨ। ਫ਼ੀਲ ਕਰਦੇ ਹਨ, ਦੁੱਖ ਭੋਗਦੇ ਹਨ। ਸਭਤੋਂ ਜਿਆਦਾ ਮਹੱਤਵ ਹੈ ਆਤਮਾ ਅਤੇ ਪ੍ਰਮਾਤਮਾ ਦਾ। ਆਤਮਾ ਹੀ 84 ਜਨਮਾਂ ਦਾ ਪਾਰ੍ਟ ਵਜਾਉਂਦੀ ਹੈ। ਤਾਂ ਆਤਮਾ ਸਭਤੋਂ ਪਾਵਰਫੁੱਲ ਹੋਈ ਨਾ। ਸਾਰੇ ਡਰਾਮਾ ਵਿੱਚ ਮਹੱਤਵ ਹੈ ਆਤਮਾ ਅਤੇ ਪ੍ਰਮਾਤਮਾ ਦਾ। ਜਿਸਨੂੰ ਹਰ ਕੋਈ ਵੀ ਨਹੀਂ ਜਾਣਦੇ। ਇੱਕ ਵੀ ਮਨੁੱਖ ਨਹੀਂ ਜਾਣਦਾ ਕਿ ਆਤਮਾ ਕੀ, ਪ੍ਰਮਾਤਮਾ ਕੀ ਹੈ? ਡਰਾਮਾ ਅਨੁਸਾਰ ਇਹ ਵੀ ਹੋਣਾ ਹੈ। ਤੁਸੀਂ ਬੱਚਿਆਂ ਨੂੰ ਵੀ ਗਿਆਨ ਹੈ ਕਿ ਇਹ ਕੋਈ ਨਵੀਂ ਗੱਲ ਨਹੀਂ, ਕਲਪ ਪਹਿਲੇ ਵੀ ਇਹ ਚੱਲਿਆ ਸੀ। ਕਹਿੰਦੇ ਵੀ ਹਨ ਗਿਆਨ, ਭਗਤੀ, ਵੈਰਾਗ। ਪਰ ਅਰ੍ਥ ਨਹੀਂ ਸਮਝਦੇ ਹਨ। ਬਾਬਾ ਨੇ ਇਨ੍ਹਾਂ ਸਾਧੂਆਂ ਆਦਿ ਦਾ ਸੰਗ ਬਹੁਤ ਕੀਤਾ ਹੋਇਆ ਹੈ, ਸਿਰਫ਼ ਨਾਮ ਲੈ ਲੈਂਦੇ ਹਨ। ਹੁਣ ਤੁਸੀਂ ਬੱਚੇ ਚੰਗੀ ਤਰ੍ਹਾਂ ਜਾਣਦੇ ਹੋ ਕਿ ਅਸੀਂ ਪੁਰਾਣੀ ਦੁਨੀਆਂ ਤੋਂ ਨਵੀਂ ਦੁਨੀਆਂ ਵਿੱਚ ਜਾਂਦੇ ਹਾਂ ਤਾਂ ਪੁਰਾਣੀ ਦੁਨੀਆਂ ਤੋਂ ਜ਼ਰੂਰ ਵੈਰਾਗ ਕਰਨਾ ਪਵੇ। ਇਨ੍ਹਾਂ ਨਾਲ ਕੀ ਦਿਲ ਲਗਾਉਣੀ ਹੈ। ਤੁਸੀਂ ਪ੍ਰਤਿਗਿਆ ਕੀਤੀ ਹੈ - ਕੋਈ ਵੀ ਦੇਹਧਾਰੀ ਨਾਲ ਦਿਲ ਨਹੀਂ ਲਗਾਉਣਗੇ। ਆਤਮਾ ਕਹਿੰਦੀ ਹੈ ਅਸੀਂ ਇੱਕ ਬਾਪ ਨੂੰ ਹੀ ਯਾਦ ਕਰਾਂਗੇ। ਆਪਣੀ ਦੇਹ ਨੂੰ ਵੀ ਯਾਦ ਨਹੀਂ ਕਰਾਂਗੇ। ਬਾਪ ਦੇਹ ਸਹਿਤ ਸਭਦਾ ਸੰਨਿਆਸ ਕਰਾਉਂਦੇ ਹਨ। ਫ਼ੇਰ ਹੋਰਾਂ ਦੀ ਦੇਹ ਨਾਲ ਅਸੀਂ ਲਗਾਵ ਕਿਉਂ ਰੱਖੀਏ। ਕਿਸੇ ਨਾਲ ਲਗਾਵ ਹੋਵੇਗਾ ਤਾਂ ਉਨ੍ਹਾਂ ਦੀ ਯਾਦ ਆਉਂਦੀ ਰਹੇਗੀ। ਫੇਰ ਈਸ਼ਵਰ ਯਾਦ ਆ ਨਾ ਸਕੇ। ਪ੍ਰਤਿਗਿਆ ਤੋੜਦੇ ਹਨ ਤਾਂ ਸਜ਼ਾ ਵੀ ਬਹੁਤ ਖਾਣੀ ਪੈਂਦੀ ਹੈ, ਪਦ ਵੀ ਭ੍ਰਸ਼ਟ ਹੋ ਜਾਂਦਾ ਹੈ ਇਸਲਈ ਜਿਨਾਂ ਹੋ ਸਕੇ ਬਾਪ ਨੂੰ ਹੀ ਯਾਦ ਕਰਨਾ ਹੈ। ਮਾਇਆ ਤਾਂ ਬੜੀ ਧੋਖੇਬਾਜ਼ ਹੈ। ਕਿਸੇ ਵੀ ਹਾਲਤ ਵਿੱਚ ਮਾਇਆ ਤੋਂ ਆਪਣੇ ਨੂੰ ਬਚਾਉਣਾ ਹੈ। ਦੇਹ - ਅਭਿਮਾਨ ਦੀ ਬਹੁਤ ਕੜੀ ਬਿਮਾਰੀ ਹੈ। ਬਾਪ ਕਹਿੰਦੇ ਹਨ ਹੁਣ ਦੇਹੀ - ਅਭਿਮਾਨੀ ਬਣੋ। ਬਾਪ ਨੂੰ ਯਾਦ

ਕਰੋ ਤਾਂ ਦੇਹ - ਅਭਿਮਾਨ ਦੀ ਬਿਮਾਰੀ ਛੁੱਟ ਜਾਏ। ਸਾਰਾ ਦਿਨ ਦੇਹ - ਅਭਿਮਾਨ ਵਿੱਚ ਰਹਿੰਦੇ ਹਨ। ਬਾਪ ਨੂੰ ਯਾਦ ਬੜਾ ਮੁਸ਼ਕਿਲ ਕਰਦੇ ਹਨ। ਬਾਬਾ ਨੇ ਸਮਝਾਇਆ ਹੈ ਹੱਥ ਕਾਰ ਡੇ ਦਿਲ ਯਾਰ ਡੇ। ਜਿਵੇਂ ਆਸ਼ਿਕ ਮਾਸ਼ੂਕ ਧੰਧਾ ਆਦਿ ਕਰਦੇ ਵੀ ਆਪਣੇ ਮਾਸ਼ੂਕ ਨੂੰ ਹੀ ਯਾਦ ਕਰਦੇ ਰਹਿੰਦੇ। ਹੁਣ ਤੁਸੀਂ ਆਤਮਾਵਾਂ ਨੂੰ ਪ੍ਰਮਾਤਮਾ ਨਾਲ ਪ੍ਰੀਤ ਰੱਖਣੀ ਹੈ ਤਾਂ ਉਨ੍ਹਾਂ ਨੂੰ ਹੀ ਯਾਦ ਕਰਨਾ ਚਾਹੀਦਾ ਨਾ। ਤੁਹਾਡੀ ਏਮ ਆਬਜੈਕਟ ਹੀ ਹੈ ਕਿ ਸਾਨੂੰ ਦੇਵੀ - ਦੇਵਤਾ ਬਣਨਾ ਹੈ, ਉਸਦੇ ਲਈ ਪੁਰਸ਼ਾਰਥ ਕਰਨਾ ਹੈ। ਮਾਇਆ ਧੋਖਾ ਤਾਂ ਜ਼ਰੂਰ ਦਵੇਗੀ, ਆਪਣੇ ਨੂੰ ਉਨ੍ਹਾਂ ਤੋਂ ਛੁਡਾਉਣਾ ਹੈ। ਨਹੀਂ ਤਾਂ ਫ਼ਸ ਮਰਣਗੇ ਫੇਰ ਗਲਾਣੀ ਵੀ ਹੋਵੇਗੀ, ਨੁਕਸਾਨ ਵੀ ਬਹੁਤ ਹੋਵੇਗਾ।

ਤੁਸੀਂ ਬੱਚੇ ਜਾਣਦੇ ਹੋ ਕਿ ਅਸੀਂ ਆਤਮਾ ਬਿੰਦੀ ਹਾਂ, ਸਾਡਾ ਬਾਪ ਵੀ ਬੀਜਰੂਪ ਨਾਲੇਜ਼ਫੁੱਲ ਹੈ। ਇਹ ਬੜੀ ਵੰਡਰਫੁੱਲ ਗੱਲਾਂ ਹਨ। ਆਤਮਾ ਕੀ ਹੈ, ਉਸ ਵਿੱਚ ਕਿਵੇਂ ਅਵਿਨਾਸ਼ੀ ਪਾਰ੍ਹ ਭਰਿਆ ਹੋਇਆ ਹੈ - ਇਨ੍ਹਾਂ ਗੁਹੇ ਗੱਲਾਂ ਨੂੰ ਚੰਗੇ - ਚੰਗੇ ਬੱਚੇ ਵੀ ਪੂਰੀ ਤਰ੍ਹਾਂ ਨਹੀਂ ਸਮਝਦੇ ਹਨ। ਆਪਣੇ ਨੂੰ ਪੂਰੀ ਤਰ੍ਹਾਂ ਆਤਮਾ ਸਮਝ ਅਤੇ ਬਾਪ ਨੂੰ ਵੀ ਬਿੰਦੀ ਮਿਸਲ ਸਮਝ ਯਾਦ ਕਰੋ, ਉਹ ਗਿਆਨ ਦਾ ਸਾਗਰ ਹੈ, ਬੀਜਰੂਪ ਹੈ...ਇਵੇਂ ਸਮਝ ਬੜਾ ਮੁਸ਼ਕਿਲ ਯਾਦ ਕਰਦੇ ਹਨ। ਮੋਟੇ ਖ਼ਿਆਲਾਤ ਨਾਲ ਨਹੀਂ, ਇਸ ਵਿੱਚ ਮਹੀਨ ਬੁੱਧੀ ਨਾਲ ਕੰਮ ਲੈਣਾ ਹੁੰਦਾ ਹੈ - ਅਸੀਂ ਆਤਮਾ ਹਾਂ, ਸਾਡਾ ਬਾਪ ਆਇਆ ਹੋਇਆ ਹੈ, ਉਹ ਬੀਜਰੂਪ ਨਾਲੇਜ਼ਫੁੱਲ ਹੈ। ਸਾਨੂੰ ਨਾਲੇਜ਼ ਸੁਣਾ ਰਹੇ ਹਨ। ਧਾਰਨਾ ਵੀ ਸਾਨੂੰ ਛੋਟੀ ਜਿਹੀ ਆਤਮਾ ਵਿੱਚ ਹੁੰਦੀ ਹੈ। ਇਵੇਂ ਬਹੁਤ ਹਨ ਜੋ ਮੋਟੀ ਤਰ੍ਹਾਂ ਸਿਰਫ਼ ਕਹਿ ਦਿੰਦੇ ਹਨ - ਆਤਮਾ ਅਤੇ ਪ੍ਰਮਾਤਮਾ...ਪਰ ਪੂਰੀ ਤਰ੍ਹਾਂ ਬੁੱਧੀ ਵਿੱਚ ਆਉਂਦਾ ਨਹੀਂ ਹੈ। ਨਾਂਹ ਨਾਲੋਂ ਤਾਂ ਮੋਟੀ ਤਰ੍ਹਾਂ ਯਾਦ ਕਰਨਾ ਵੀ ਠੀਕ ਹੈ। ਪਰ ਉਹ ਠੀਕ ਯਾਦ ਜ਼ਿਆਦਾ ਫਲਦਾਇਕ ਹੈ। ਉਹ ਇਨ੍ਹਾਂ ਉੱਚ ਪਦ ਪਾ ਨਹੀਂ ਸਕਣਗੇ। ਇਸ ਵਿੱਚ ਬੜੀ ਮਿਹਨਤ ਹੈ। ਮੈਂ ਆਤਮਾ ਛੋਟੀ ਜਿਹੀ ਬਿੰਦੂ ਹਾਂ, ਬਾਬਾ ਵੀ ਇੰਨੀ ਛੋਟੀ ਜਿਹੀ ਬਿੰਦੂ ਹੈ, ਉਨ੍ਹਾਂ ਵਿੱਚ ਸਾਰਾ ਗਿਆਨ ਹੈ, ਇਹ ਵੀ ਇੱਥੇ ਤੁਸੀਂ ਬੈਠੇ ਹੋ ਤਾਂ ਕੁਝ ਬੁੱਧੀ ਵਿੱਚ ਆਉਂਦਾ ਹੈ ਪਰ ਚੱਲਦੇ - ਫ਼ਿਰਦੇ ਉਹ ਚਿੰਤਨ ਰਹੇ, ਸੋ ਨਹੀਂ। ਭੁੱਲ ਜਾਂਦੇ ਹਨ। ਸਾਰਾ ਦਿਨ ਉਹੀ ਚਿੰਤਨ ਰਹੇ - ਇਹ ਹੈ ਸੱਚੀ - ਸੱਚੀ ਯਾਦ। ਕੋਈ ਸੱਚ ਦੱਸਦੇ ਨਹੀਂ ਹਨ ਕਿ ਅਸੀਂ ਕਿਵੇਂ ਯਾਦ ਕਰਦੇ ਹਾਂ। ਚਾਰਟ ਭਾਵੇਂ ਭੇਜਦੇ ਹਨ ਪਰ ਇਹ ਨਹੀਂ ਲਿੱਖਦੇ ਕਿ ਇਵੇਂ ਆਪਣੇ ਨੂੰ ਬਿੰਦੀ ਸਮਝ ਅਤੇ ਬਾਪ ਨੂੰ ਵੀ ਬਿੰਦੀ ਸਮਝ ਯਾਦ ਕਰਦਾ ਹਾਂ। ਸਚਾਈ ਨਾਲ ਪੂਰਾ ਲਿੱਖਦੇ ਨਹੀਂ ਹਨ। ਭਾਵੇਂ ਬਹੁਤ ਚੰਗੀ - ਚੰਗੀ ਮੁਰਲੀ ਚਲਾਉਂਦੇ ਹਨ ਪਰ ਯੋਗ ਬਹੁਤ ਘੱਟ ਹੈ। ਦੇਹ - ਅਭਿਮਾਨ ਬਹੁਤ ਹੈ, ਇਸ ਗੁਪਤ ਗੱਲ ਨੂੰ ਪੂਰਾ ਸਮਝਦੇ ਨਹੀਂ, ਸਿਮਰਨ ਨਹੀਂ ਕਰਦੇ ਹਨ। ਯਾਦ ਨਾਲ ਹੀ ਪਾਵਨ ਬਣਨਾ ਹੈ। ਪਹਿਲੇ ਤਾਂ ਕਰਮਾਤੀਤ ਅਵਸਥਾ ਚਾਹੀਦੀ ਨਾ। ਉਹੀ ਉੱਚ ਪਦ ਪਾ ਸੱਕਣਗੇ। ਬਾਕੀ ਮੁਰਲੀ ਵਜਾਉਣ ਵਾਲੇ ਤਾਂ ਢੇਰ ਹਨ। ਪਰ ਬਾਬਾ ਜਾਣਦੇ ਹਨ ਯੋਗ ਵਿੱਚ ਰਹਿ ਨਹੀਂ ਸਕਦੇ। ਵਿਸ਼ਵ ਦਾ ਮਾਲਿਕ ਬਣਨਾ ਕੋਈ ਮਾਸੀ ਦਾ ਘਰ ਥੋੜ੍ਹੇਹੀ ਹੈ। ਉਹ ਅਲਪਕਾਲ ਦੇ ਮਰਤਬੇ ਪਾਉਣ ਦੇ ਲਈ ਵੀ ਕਿੰਨਾ ਪੜ੍ਹਦੇ ਹਨ। ਸੋਰਸ ਆਫ਼ ਇਨਕਮ ਹੁਣ ਹੋਈ ਹੈ। ਅੱਗੇ ਥੋੜ੍ਹੇਹੀ ਬੈਰਿਸਟਰ ਆਦਿ ਇੰਨਾ ਕਮਾਉਂਦੇ ਸੀ। ਹੁਣ ਕਿੰਨੀ ਕਮਾਈ ਹੋ ਗਈ ਹੈ।

ਬੱਚਿਆਂ ਨੂੰ ਆਪਣੇ ਕਲਿਆਣ ਦੇ ਲਈ ਇੱਕ ਤਾਂ ਆਪਣੇ ਨੂੰ ਆਤਮਾ ਸਮਝ ਯਥਾਰਥ ਤਰ੍ਹਾਂ ਬਾਪ ਨੂੰ ਯਾਦ ਕਰਨਾ ਹੈ ਅਤੇ ਤ੍ਰਿਮੂਰਤੀ ਸ਼ਿਵ ਦਾ ਪਰਿਚੈ ਹੋਰਾਂ ਨੂੰ ਵੀ ਦੇਣਾ ਹੈ। ਸਿਰਫ਼ ਸ਼ਿਵ ਕਹਿਣ ਨਾਲ ਸਮਝਣਗੇ ਨਹੀਂ। ਤ੍ਰਿਮੂਰਤੀ ਤਾਂ ਜ਼ਰੂਰ ਚਾਹੀਦੇ। ਮੁੱਖ ਹੈ ਹੀ ਦੋ ਚਿੱਤਰ ਤ੍ਰਿਮੂਰਤੀ ਅਤੇ ਝਾੜ। ਪੌੜੀ ਨਾਲ ਵੀ ਝਾੜ ਵਿੱਚ ਜਿਆਦਾ ਨਾਲੇਜ਼ ਹੈ। ਇਹ ਚਿੱਤਰ ਤਾਂ ਸਭਦੇ ਕੋਲ ਹੋਣੇ ਚਾਹੀਦੇ ਹਨ। ਇੱਕ ਪਾਸੇ ਤ੍ਰਿਮੂਰਤੀ ਗੋਲਾ, ਦੂਜੇ ਪਾਸੇ ਝਾੜ। ਇਹ ਪਾਂਡਵ ਸੈਨਾ ਦਾ ਫਲੈਗ (ਝੰਡਾ) ਹੋਣਾ ਚਾਹੀਦਾ। ਡਰਾਮਾ ਅਤੇ ਝਾੜ ਦੀ ਨਾਲੇਜ਼ ਵੀ ਬਾਪ ਦਿੰਦੇ ਹਨ। ਲਕਸ਼ਮੀ - ਨਾਰਾਇਣ, ਵਿਸ਼ਨੂੰ ਆਦਿ ਕੌਣ ਹਨ? ਇਹ ਕੋਈ ਸਮਝਦੇ ਨਹੀਂ। ਮਹਾਂਲਕਸ਼ਮੀ ਦੀ ਪੂਜਾ ਕਰਦੇ ਹਨ, ਸਮਝਦੇ ਹਨ ਲਕਸ਼ਮੀ ਆਵੇਗੀ। ਹੁਣ ਲਕਸ਼ਮੀ ਨੂੰ ਧਨ ਕਿਥੋਂ ਆਵੇਗਾ? 4 ਬਾਹਵਾਂ ਵਾਲੇ, 8 ਬਾਹਵਾਂ ਵਾਲੇ ਕਿੰਨੇ ਚਿੱਤਰ ਬਣਾ ਦਿੱਤੇ ਹਨ। ਸਮਝਦੇ ਕੁਝ ਵੀ ਨਹੀਂ। 8-10 ਬਾਹਵਾਂ ਵਾਲਾ ਕੋਈ ਮਨੁੱਖ ਤਾਂ ਹੁੰਦਾ ਨਹੀਂ। ਜਿਸਨੂੰ ਜੋ ਆਇਆ ਸੋ ਬਣਾਇਆ, ਬਸ ਚੱਲ ਪਏ। ਕਿਸੇ ਨੇ ਮਤ ਦਿੱਤੀ ਕਿ ਹਨੂਮਾਨ ਦੀ ਪੂਜਾ ਕਰੋ ਬਸ ਚੱਲ ਪਏ। ਵਿਖਾਉਂਦੇ ਹਨ ਸੰਜੀਵਨੀ ਬੂਟੀ ਲੈ ਆਇਆ...ਉਸਦਾ ਵੀ ਅਰ੍ਥ ਤੁਸੀਂ ਬੱਚੇ ਸਮਝਦੇ ਹੋ। ਸੰਜੀਵਨੀ ਬੂਟੀ ਤਾਂ ਹੈ ਮਨਮਨਾਭਵ! ਵਿਚਾਰ ਕੀਤਾ ਜਾਂਦਾ ਹੈ ਜਦੋਂ ਤੱਕ ਬ੍ਰਾਹਮਣ ਨਾ ਬਣੇ, ਬਾਪ ਦਾ ਪਰਿਚੈ ਨਾ ਮਿਲੇ ਉਦੋਂ ਤੱਕ ਵਰਥ ਨਾਟ ਏ ਪੈਣੀ ਹਨ। ਮਰਤਬੇ ਦਾ ਮਨੁੱਖਾਂ ਨੂੰ ਕਿੰਨਾ ਅਭਿਮਾਨ ਹੈ। ਉਨ੍ਹਾਂ ਨੂੰ ਤਾਂ ਸਮਝਾਉਣ ਵਿੱਚ ਬੜੀ ਮੁਸ਼ਕਿਲਾਤ ਹੈ। ਰਾਜਾਈ ਸਥਾਪਨ ਕਰਨ ਵਿੱਚ ਕਿੰਨੀ ਮਿਹਨਤ ਲੱਗਦੀ ਹੈ। ਉਹ ਹੈ ਬਾਹੂਬਲ, ਇਹ ਹੈ ਯੋਗਬਲ। ਇਹ ਗੱਲਾਂ ਸ਼ਾਸਤ੍ਰਾਂ ਵਿੱਚ ਤਾਂ ਹੈ ਨਹੀਂ। ਅਸਲ ਵਿੱਚ ਤੁਸੀਂ ਕੋਈ ਸ਼ਾਸਤ੍ਰ ਆਦਿ ਰੈਫ਼ਰ ਨਹੀਂ ਕਰ ਸਕਦੇ ਹੋ। ਜੇਕਰ ਤੁਹਾਨੂੰ ਕਹਿੰਦੇ ਹਨ - ਤੁਸੀਂ ਸ਼ਾਸਤ੍ਰਾਂ ਨੂੰ ਮੰਨਦੇ ਹੋ? ਬੋਲੋ ਹਾਂ ਇਹ ਤਾਂ ਸਭ ਭਗਤੀ ਮਾਰਗ ਦੇ ਹਨ। ਹੁਣ ਅਸੀਂ ਗਿਆਨ ਮਾਰਗ ਤੇ ਚੱਲ ਰਹੇ ਹਾਂ। ਗਿਆਨ ਦੇਣ ਵਾਲਾ ਗਿਆਨ ਦਾ ਸਾਗਰ ਇੱਕ ਹੀ ਬਾਪ ਹੈ, ਇਸਨੂੰ ਰੂਹਾਨੀ ਗਿਆਨ ਕਿਹਾ ਜਾਂਦਾ ਹੈ। ਰੂਹ ਬੈਠ ਰੂਹਾਂ ਨੂੰ ਗਿਆਨ ਦਿੰਦੀ ਹੈ। ਉਹ ਮਨੁੱਖ, ਮਨੁੱਖ ਨੂੰ ਦਿੰਦੇ ਹਨ। ਮਨੁੱਖ ਕਦੀ ਸਪ੍ਰਿਚੂਅਲ ਨਾਲੇਜ਼ ਦੇ ਨਾ ਸੱਕਣ। ਗਿਆਨ ਦਾ ਸਾਗਰ ਪਤਿਤ - ਪਾਵਨ, ਲਿਬ੍ਰੇਟਰ, ਸਦਗਤੀ ਦਾਤਾ ਇੱਕ ਹੀ ਬਾਪ ਹੈ।

ਬਾਪ ਸਮਝਾਉਂਦੇ ਰਹਿੰਦੇ ਹਨ ਇਹ - ਇਹ ਕਰੋ। ਹੁਣ ਵੇਖੋ ਸ਼ਿਵਜਯੰਤੀ ਤੇ ਕਿੰਨਾ ਧਮਚੱਕਰ ਮਚਾਉਂਦੇ ਹਨ। ਟ੍ਰਾਂਸਲਾਇਟ ਦੇ ਚਿੱਤਰ ਛੋਟੇ ਵੀ ਹੋਣ ਜੋ ਸਭਨੂੰ ਮਿਲ ਜਾਣ। ਤੁਹਾਡੀ ਤਾਂ ਹੈ ਬਿਲਕੁਲ ਨਵੀਂ ਗੱਲ। ਕੋਈ ਸਮਝ ਨਾ ਸਕੇ। ਖ਼ੂਬ ਅਖ਼ਬਾਰਾਂ ਵਿੱਚ ਪਾਉਣਾ ਚਾਹੀਦਾ। ਆਵਾਜ਼ ਕਰਨਾ ਚਾਹੀਦਾ। ਸੈਂਟਰਸ ਖੋਲ੍ਹਣ ਵਾਲੇ ਵੀ ਇਵੇਂ ਚਾਹੀਦੇ। ਹੁਣ ਤੁਸੀਂ ਬੱਚਿਆਂ ਨੂੰ ਹੀ ਇੰਨਾ ਨਸ਼ਾ ਨਹੀਂ ਚੜ੍ਹਿਆ ਹੋਇਆ ਹੈ। ਨੰਬਰਵਾਰ ਪੁਰਸ਼ਾਰਥ ਅਨੁਸਾਰ ਸਮਝਾਉਂਦੇ ਹਨ। ਇੰਨੇ ਢੇਰ ਬ੍ਰਹਮਾਕੁਮਾਰ - ਕੁਮਾਰੀਆਂ ਹਨ। ਅੱਛਾ, ਬ੍ਰਹਮਾ

ਦਾ ਨਾਮ ਕੱਢ ਕੋਈ ਦਾ ਵੀ ਨਾਲ ਪਾਓ। ਰਾਧੇ ਕ੍ਰਿਸ਼ਨ ਦਾ ਨਾਮ ਪਾਓ। ਅੱਛਾ ਫੇਰ ਬ੍ਰਹਮਾਕੁਮਾਰ - ਕੁਮਾਰੀਆਂ ਕਿਥੋਂ ਆਉਣਗੇ? ਕੋਈ ਤਾਂ ਬ੍ਰਹਮਾ ਚਾਹੀਦਾ ਨਾ, ਜੋ ਮੁੱਖ ਵੰਸ਼ਾਵਲੀ ਬੀ.ਕੇ. ਹੋਣ। ਬੱਚੇ ਅੱਗੇ ਚੱਲਕੇ ਬਹੁਤ ਸਮਝਣਗੇ। ਖ਼ਰਚਾ ਤਾਂ ਕਰਨਾ ਹੀ ਪੈਂਦਾ ਹੈ। ਚਿੱਤਰ ਤਾਂ ਬੜੇ ਕਲੀਅਰ ਹਨ। ਲਕਸ਼ਮੀ - ਨਾਰਾਇਣ ਦਾ ਚਿੱਤਰ ਬਹੁਤ ਚੰਗਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਸਰਵਿਸਏਬਲ, ਆਗਿਆਕਾਰੀ, ਫਰਮਾਨਬਦਾਰ, ਨੰਬਰਵਾਰ ਪੁਰਸ਼ਾਰਥ ਅਨੁਸਾਰ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕਰਮਾਤੀਤ ਬਣਨ ਦੇ ਲਈ ਬਾਪ ਨੂੰ ਮਹੀਨ ਬੁੱਧੀ ਨੂੰ ਪਛਾਣ ਕੇ ਪੂਰੀ ਤਰ੍ਹਾਂ ਯਾਦ ਕਰਨਾ ਹੈ। ਪੜ੍ਹਾਈ ਦੇ ਨਾਲ - ਨਾਲ ਯੋਗ ਤੇ ਪੂਰਾ ਅਟੈਂਸ਼ਨ ਦੇਣਾ ਹੈ।

2. ਸਵੈ ਨੂੰ ਮਾਇਆ ਦੇ ਧੋਖੇ ਤੋਂ ਬਚਾਉਣਾ ਹੈ। ਕੋਈ ਦੀ ਵੀ ਦੇਹ ਵਿੱਚ ਲਗਾਵ ਨਹੀਂ ਰੱਖਣਾ ਹੈ। ਸੱਚੀ ਪ੍ਰੀਤ ਇੱਕ ਬਾਪ ਨਾਲ ਰੱਖਣੀ ਹੈ। ਦੇਹ - ਅਭਿਮਾਨ ਵਿੱਚ ਨਹੀਂ ਆਉਣਾ ਹੈ।

ਵਰਦਾਨ:- ਬ੍ਰਹਮ - ਮਹੂਰਤ ਦੇ ਸਮੇਂ ਵਰਦਾਨ ਲੈਣ ਅਤੇ ਦਾਨ ਦੇਣ ਵਾਲੇ ਬਾਪ ਸਮਾਨ ਵਰਦਾਨੀ, ਮਹਾਦਾਨੀ ਭਵ।

ਬ੍ਰਹਮ - ਮਹੂਰਤ ਦੇ ਸਮੇਂ ਵਿਸ਼ੇਸ਼ ਬ੍ਰਹਮਲੋਕ ਨਿਵਾਸੀ ਬਾਪ ਗਿਆਨ ਸੂਰਜ ਦੀ ਲਾਇਟ ਅਤੇ ਮਾਇਟ ਦੀਆਂ ਕਿਰਨਾਂ ਬੱਚਿਆਂ ਨੂੰ ਵਰਦਾਨ ਰੂਪ ਵਿੱਚ ਦਿੰਦੇ ਹਨ। ਨਾਲ -ਨਾਲ ਬ੍ਰਹਮਾ ਬਾਪ ਭਾਗ ਵਿਧਾਤਾ ਦੇ ਰੂਪ ਵਿੱਚ ਭਾਗ ਰੂਪੀ ਅੰਮ੍ਰਿਤ ਵੰਡਦੇ ਹਨ ਸਿਰਫ਼ ਬੁੱਧੀ ਰੂਪੀ ਕਲਸ਼ ਅੰਮ੍ਰਿਤ ਧਾਰਨ ਕਰਨ ਯੋਗ ਹੋ। ਕਿਸੇ ਵੀ ਤਰ੍ਹਾਂ ਦਾ ਵਿਘਣ ਜਾਂ ਰੁਕਾਵਟ ਨਾ ਹੋਵੇ, ਤਾਂ ਸਾਰੇ ਦਿਨ ਦੇ ਲਈ ਸ਼੍ਰੇਸ਼ਠ ਸਥਿਤੀ ਅਤੇ ਕਰਮ ਦਾ ਮਹੂਰਤ ਨਿਕਾਲ ਸਕਦੇ ਹੋ ਕਿਉਂਕਿ ਅੰਮ੍ਰਿਤਵੇਲੇ ਦਾ ਵਾਤਾਵਰਨ ਹੀ ਵ੍ਰਿਤੀ ਨੂੰ ਬਦਲਣ ਵਾਲਾ ਹੁੰਦਾ ਹੈ ਇਸਲਈ ਉਸ ਸਮੇਂ ਵਰਦਾਨ ਲੈਂਦੇ ਹੋਏ ਦਾਨ ਦਵੋ ਮਤਲਬ ਵਰਦਾਨੀ ਅਤੇ ਮਹਾਦਾਨੀ ਬਣੋ।

ਸਲੋਗਨ:- ਕ੍ਰੋਧੀ ਦਾ ਕੰਮ ਹੈ ਕ੍ਰੋਧ ਕਰਨਾ ਅਤੇ ਤੁਹਾਡਾ ਕੰਮ ਹੈ ਸਨੇਹ ਦੇਣਾ।

******

ਆਪਣੀ ਸ਼ਕਤੀਸ਼ਾਲੀ ਮਨਸਾ ਦ੍ਵਾਰਾ ਸਾਕਾਸ਼ ਦੇਣ ਦੀ ਸੇਵਾ ਕਰੋ।

ਹੁਣ ਖੁਦ ਕਲਿਆਣ ਦਾ ਅਜਿਹਾ ਸ਼੍ਰੇਸ਼ਠ ਪਲੈਨ ਬਣਾਓ ਕਿ ਵਿਸ਼ਵ ਸੇਵਾ ਵਿੱਚ ਸਾਕਾਸ਼ ਆਪੇਹੀ ਮਿਲਦੀ ਰਹੇ। ਹੁਣ ਉਮੰਗ -ਉਤਸ਼ਾਹ ਨਾਲ ਆਪਣੇ ਮਨ ਵਿੱਚ ਪੱਕਾ ਵਾਇਦਾ ਕਰੋ ਕਿ ਅਸੀਂ ਬਾਪ ਸਮਾਨ ਬਣਕੇ ਹੀ ਦਿਖਾਵਾਂਗੇ। ਬ੍ਰਹਮਾ ਬਾਪ ਦਾ ਵੀ ਬੱਚਿਆਂ ਨਾਲ ਅਤਿ ਸਨੇਹ ਹੈ ਇਸਲਈ ਇੱਕ -ਇੱਕ ਨੂੰ ਇਮਰਜ ਕਰ ਵਿਸ਼ੇਸ਼ ਸਮਾਨ ਬਣਨ ਦੀ ਸਾਕਾਸ਼ ਦਿੰਦੇ ਰਹਿੰਦੇ ਹਨ।